Ahpal.

**ਦਫਤਰ ਡਿਪਟੀ ਡਾਇਰੈਕਟਰ ਸ਼ਹਿਰੀ ਸਥਾਂਨਕ ਸੰਸਥਾਂਵਾ ਪਟਿਆਲਾ।**
====

328
18/6/2015

ਸੇਵਾ ਵਿਖੇ,

ਕਾਰਜ ਸਾਧਕ ਅਫਸਰ,
ਨਗਰ ਕੌਂਸਲ, ਧੂਰੀ।

ਪੱਤਰ ਨੰ:2ਡਡਸਸ-2015/ 13321

ਮਿਤੀ 15-6-15

ਵਿਸ਼ਾ : ਨਗਰ ਕੌਂਸਲ, ਧੂਰੀ ਦਾ ਬਜਟ ਬਾਬਤ ਸਾਲ 2015-16
=====

ਹਵਾਲਾ ਆਪਦੇ ਦਫਤਰ ਦਾ ਪੱਤਰ ਨੰ:907 ਮਿਤੀ 17-04-2015 ਉਪਰੋਕਤ ਵਿਸ਼ੇ ਤੇ।

ਪੰਜਾਬ ਮਿਉਸਪਲ ਅਕਾਊਂਟ ਕੋਡ 1930 ਦੇ ਨਿਯਮ 2.8 ਅਧੀਨ ਨਗਰ ਕੌਂਸਲ, ਧੂਰੀ ਦਾ ਬਜਟ ਆਪ ਨਾਲ ਕੀਤੇ ਵਿਚਾਰ ਵਟਾਂਦਰੇ ਅਨੁਸਾਰ ਪ੍ਰਵਾਨ ਕੀਤਾ ਜਾਂਦਾ ਹੈ ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

**ਆਮਦਨ:-**

| ਲੜੀ ਨੰ: | ਮੱਦ ਦਾ ਨਾਮ | ਪ੍ਰਵਾਨ ਸੁਦਾ ਆਮਦਨ (ਲੱਖਾ ਵਿਚ) |
|---|---|---|
| 1 | ਵੈਟ | 500.00 |
| 2 | ਬਿਜਲੀ ਤੇ ਚੁੰਗੀ | 60.00 |
| 3 | ਹਾਊਸ ਟੈਕਸ/ਪ੍ਰਾਪਰਟੀ ਟੈਕਸ | 150.00 |
| 4 | ਰੈਂਟ | 19.00 |
| 5 | ਬਿਲਡਿੰਗ ਐਪਲੀਕੇਸ਼ਨ ਫੀਸ | 50.00 |
| 6 | ਲਾਇਸੰਸ ਫੀਸ | 2.00 |
| 7 | ਮੁਰਦਾ ਜਾਨਵਰਾਂ ਦਾ ਠੇਕਾ | 2.00 |
| 8 | ਹੋਰ ਸਾਧਨ | 90.00 |
| 9 | ਐਕਸਾਈਜ ਡਿਊਟੀ | 80.00 |
| | **ਕੁੱਲ** | **953.00** |

**ਖਰਚਾ:-**

| ਲੜੀ ਨੰ: | ਮੱਦ ਦਾ ਨਾਮ | ਪ੍ਰਵਾਨ ਸੁਦਾ ਖਰਚਾ (ਲੱਖਾ ਵਿਚ) |
|---|---|---|
| 1 | ਅਮਲੇ ਤੇ | 479.00 |
| 2 | ਕੰਟਨਜੈਂਸ ਤੇ | 40.00 |
| 3 | ਵਿਕਾਸ ਦੇ ਕੰਮਾਂ<br>1. ਨਾ ਟਾਲਣ ਯੋਗ<br>2. ਟਾਲਣ ਯੋਗ | <br>102.00<br>332.00 |
| | **ਕੁੱਲ** | **953.00** |

ਉਕਤ ਅਨੁਸਾਰ ਬਜਟ ਦੀ ਸਥਿਤੀ ਹੇਠ ਲਿਖੇ ਅਨੁਸਾਰ ਹੋਵੇਗੀ:-

| | |
|---|---|
| **ਮਿਤੀ 01-04-2015 ਨੂੰ ਮੁਢਲੀ ਬਾਕੀ** | 15.00 |
| **ਸਾਲ 2015-16 ਲਈ ਆਮਦਨ** | 953.00 |
| **ਕੁੱਲ** | 968.00 |
| **ਸਾਲ 2015-16 ਲਈ ਖਰਚਾ** | 953.00 |
| **ਮਿਤੀ 31-03-2016 ਲਈ ਅੰਤਿਮ ਬਾਕੀ** | **15.00** |

ਨਗਰ ਕੌਂਸਲ, ਧੂਰੀ ਦਾ ਬਜਟ ਸਾਲ 2015-2016 ਹੇਠ ਲਿਖੀਆਂ ਸ਼ਰਤਾ ਅਧੀਨ ਪ੍ਰਵਾਨ ਕੀਤਾ ਜਾਂਦਾ ਹੈ।

**ਸ਼ਰਤਾਂ:-**

1. ਸਾਲ 2015-16 ਲਈ ਮਿਥਿਆ ਗਿਆ ਆਮਦਨ ਦਾ ਟੀਚਾ ਪੂਰਾ ਕਰਨ ਲਈ ਨਗਰ ਕੋਸਲ ਦੇ ਕਾਰਜ ਸਾਧਕ ਅਫਸਰ ਅਤੇ ਪ੍ਰਧਾਨ/ਪ੍ਰਸ਼ਾਸ਼ਕ ਦੀ ਸਾਂਝੀ ਜਿੰਮੇਵਾਰੀ ਹੋਵੇਗੀ।
2. ਨਗਰ ਕੋਸਲ ਅੰਦਰ ਪੈਂਦੀਆਂ ਸਾਰੀਆ ਇਮਾਰਤਾ ਦਾ ਹਾਊਸ ਟੈਕਸ ਅਤੇ ਹੋਰ ਤਰਾਂ ਦੀ ਉਗਰਾਹੀ ਲਈ ਸਰਵੇ ਤਿੰਨ ਮਹੀਨੇ ਦੇ ਅੰਦਰ ਅੰਦਰ ਮੁਕੰਮਲ ਕਰਵਾਇਆ ਜਾਵੇ ਅਤੇ ਏਰੀਅਰ ਦੀ 100% ਰਿਕਵਰੀ ਯਕੀਨੀ ਬਣਾਈ ਜਾਵੇ।
3. ਅਮਲੇ ਦੇ ਖਰਚੇ ਅਤੇ ਦਫਤਰੀ ਖਰਚੇ ਨੂੰ ਹੋਰ ਘੱਟ ਕਰਨ ਸਬੰਧੀ ਉਪਰਾਲੇ ਕੀਤੇ ਜਾਣ ਇੰਨਾਂ ਨੂੰ ਨਾਰਮ ਵਿਚ ਲਿਆਂਦਾ ਜਾਵੇ।
4. ਕਿਸੇ ਵੀ ਖਰਚੇ ਦੀ ਮੱਦ ਅਧੀਨ ਪ੍ਰਵਾਨ ਕੀਤੇ ਖਰਚੇ ਤੋ ਵੱਧ ਖਰਚਾ ਸਮੱਰਥ ਅਧਿਕਾਰੀ ਦੀ ਪ੍ਰਵਾਨਗੀ ਲਏ ਬਗੈਰ ਨਾ ਕੀਤਾ ਜਾਵੇ ਅਤੇ ਨਾ ਹੀ ਅਗਾਊ ਪ੍ਰਵਾਨਗੀ ਆਉਣ ਦੀ ਆਸ ਵਿਚ ਕੀਤਾ ਜਾਵੇ।
5. ਕੋਈ ਨਵੀ ਅਸਾਮੀ/ਖਾਲੀ ਅਸਾਮੀ ਸਥਾਨਕ ਸਰਕਾਰ ਵਿਭਾਗ ਦੀ ਪੂਰਵ ਪ੍ਰਵਾਨਗੀ ਤੋ ਬਿਨ੍ਹਾਂ ਨਾ ਭਰੀ ਜਾਵੇ।
6. ਸਰਕਾਰ ਦੀ ਪ੍ਰਵਾਨਗੀ ਤੋ ਬਗੈਰ ਕਿਸੇ ਅਸਾਮੀ ਦੀ ਤਬਦੀਲੀ ਨਾ ਕੀਤੀ ਜਾਵੇ ਅਤੇ ਕਰਮਚਾਰੀ ਦਾ ਕਾਡਰ ਵੀ ਤਬਦੀਲ ਨਾ ਕੀਤਾ ਜਾਵੇ।
7. ਕੋਈ ਵੀ ਵਹੀਕਲ ਇਸ ਦਫਤਰ ਦੀ ਪੂਰਵ ਪ੍ਰਵਾਨਗੀ ਤੋ ਬਿਨਾ ਖਰੀਦ ਨਾ ਕੀਤਾ ਜਾਵੇ।
8. ਡੇਲੀਵੈਜਿਜ ਜਾ ਕੰਟਰੈਕਟ ਦੇ ਆਧਾਰ ਤੇ ਇਸ ਦਫਤਰ ਦੀ ਵਿਸ਼ੇਸ਼ ਪ੍ਰਵਾਨਗੀ ਤੋ ਬਿਨਾ ਕੋਈ ਵੀ ਨਿਯੁਕਤੀ ਨਾ ਕੀਤੀ ਜਾਵੇ।
9. ਕੰਟਰੈਕਟ/ਠੇਕੇ ਤੇ ਭਰਤੀ ਕਰਨ ਦੀ ਬਜਾਏ ਜਿਥੋ ਤੱਕ ਸੰਭਵ ਹੋਵੇ ਕਿਸੇ ਬਾਹਰੀ ਸੰਸਥਾਂ ਤੋ ਲੋੜੀਂਦੇ ਸਟਾਫ ਦੀਆਂ ਸੇਵਾਵਾ ਪ੍ਰਾਪਤ ਕੀਤੀਆਂ ਜਾਣ ਤਾਂ ਜੋ ਸਥਾਨਕ ਸੰਸਥਾਂ ਨੂੰ ਭਵਿੱਖ ਵਿਚ ਕਿਸੇ ਕਿਸਮ ਦੀ ਕਾਨੂੰਨੀ ਅੜਚਨ ਨਾ ਆਵੇ।
10. ਚੰਡੀਗੜ ਵਿਖੇ ਉਸਾਰੇ ਜਾਣ ਵਾਲੇ ਮਿਉਸਪਲ ਭਵਨ ਲਈ ਨਗਰ ਕੋਸਲ ਦੀ ਕੁੱਲ ਆਮਦਨ ਦਾ 1% ਦੀ ਰਾਸ਼ੀ ਦਾ ਉਪਬੰਧ ਕੀਤਾ ਜਾਂਦਾ ਹੈ।
11. ਵਿਕਾਸ:ਵਰਕਸ ਦਾ ਖਰਚਾ ਸਪਲਿਟ ਕਰਨ ਤੇ ਪਾਬੰਦੀ ਹੈ।ਹਰ ਹਾਲਤ ਵਿਚ ਜੋ ਪੈਸੇ ਸਰਕਾਰ ਵਲੋ ਦਿਤੇ ਜਾਂਦੇ ਹਨ।ਉਸ ਨਾਲ ਕੰਮ ਵੀ ਸਮੇ ਸੀਮਾ ਅਤੇ ਮਿਥੇ ਤਖਮੀਨੇ ਵਿਚ ਮੁਕੰਮਲ ਕੀਤਾ ਜਾਵੇ । ਗ੍ਰਾਂਟ ਦਾ ਖਰਚਾ ਸਕੀਮ ਵਿਚ ਦਰਜ ਹਦਾਇਤਾਂ ਅਨੁਸਾਰ ਕੀਤਾ ਜਾਵੇ ਅਤੇ ਵਰਤੋ ਸਰਟੀਫਿਕੇਟ ਮੁੱਖ ਦਫਤਰ ਵਿਖੇ ਸਬੰਧਤ ਸ਼ਾਖਾ ਨੂੰ ਸਮੇ ਸਿਰ ਪੁੱਜਦਾ ਕੀਤਾ ਜਾਵੇ।ਕੋਸਲ ਵਲੋ ਹਰ ਸਾਲ ਆਪਣੀ ਪ੍ਰਬੰਧਕੀ ਰਿਪੋਰਟ ਤਿਆਰ ਕਰਕੇ ਸਮੇ ਸਿਰ ਸਰਕਾਰ ਨੂੰ ਭੇਜੀ ਜਾਵੇ।ਵਰਕਚਾਰਜ ਅਮਲੇ ਤੇ ਹੋਣ ਵਾਲਾ ਖਰਚਾ ਵਿਕਾਸ ਦੀ ਮੱਦ ਹੇਠ ਨਾ ਕੀਤਾ ਜਾਵੇ।ਉਸ ਨੂੰ ਅਮਲੇ ਦੀ ਮੱਦ ਵਿਚ ਕੀਤਾ ਜਾਵੇ।
12. ਫਾਇਰ ਬ੍ਰਿਗੇਡ ਲਈ ਲੋੜੀਦੇ ਡਰਾਇਵਰ ਪਾਸਦੀ ਜਾ ਕਿਸੇ ਬਾਹਰੀ ਸੰਸਥਾਂ ਤੋ ਲਏ ਜਾਣ।
13. ਸਾਲ 2015-16 ਦੋਰਾਨ ਵਿਕਾਸ ਦੇ ਕੰਮਾ ਦੀ ਜੋ ਸੂਚੀ ਬਜਟ ਅਨੁਮਾਨ ਨਾਲ ਭੇਜੀ ਹੈ ਉਸ ਦੇ ਅਨੁਸਾਰ ਹੀ ਵਿਕਾਸ ਦੇ ਕੰਮ ਕਰਵਾਏ ਜਾਣ ਨੂੰ ਯਕੀਨੀ ਬਣਾਇਆ ਜਾਵੇ।

14. ਕਰਮਚਾਰੀਆਂ ਨੂੰ ਮਿਲਣ ਵਾਲੇ ਰਿਟਾਇਰ ਡਿਊਜ, ਜੀ. ਪੀ. ਫੰਡ ਦੀ ਅਦਾਇਗੀ ਪੈਨਸ਼ਨ ਫੰਡ ਦੀ ਅਦਾਇਗੀ, ਹੁਡਕੋ ਅਤੇ ਐਲ. ਆਈ. ਸੀ ਦੇ ਕਰਜਿਆ ਦੀ ਅਦਾਇਗੀ, ਪੰਜਵੇ ਪੇ ਕਮਿਸ਼ਨਰ ਦੇ ਬਕਾਏ ਨੂੰ ਫਸਟ ਚਾਰਜ ਰੱਖਦੇ ਹੋਏ ਪਹਿਲ ਦੇ ਆਧਾਰ ਤੇ ਅਦਾਇਗੀ ਕੀਤੀ ਜਾਵੇ।

15. ਕਰਮਚਾਰੀਆਂ ਨੂੰ ਕਰਜੇ ਦੇਣ ਦੇ ਸਬੰਧ ਵਿਚ ਰਾਜ ਸਰਕਾਰ ਦੁਆਰਾ ਆਪਣੇ ਕਰਮਚਾਰੀਆਂ ਲਈ ਜਾਰੀ ਕੀਤੇ ਦਿਸ਼ਾ-ਨਿਰਦੇਸ਼ਾ ਦੀ ਪਾਲਣਾ ਕੀਤੀ ਜਾਵੇ।

16. ਸ਼ਹਿਰੀ ਗਰੀਬਾਂ ਨੂੰ ਮੁੱਢਲੀ ਸਹੂਲਤਾਂ ਦੇਣ ਸਬੰਧੀ ਉਪਰਾਲੇ ਕੀਤੇ ਜਾਣ।

17. ਸਾਲ 2015-16 ਦੇ ਪ੍ਰਵਾਨ ਕੀਤੇ ਬਜਟ/ਆਮਦਨ ਦਾ 1% ਨਗਰ ਕੌਸਲ ਦੇ ਵਿਕਾਸ ਦੇ ਫੰਡ ਵਿਚੋ ਸ਼ਹਿਰ ਦੀ ਹਰਿਆਵਲੀ / ਗਰੀਨਰੀ ਲਈ ਵਰਤਿਆ ਜਾਵੇ।

18. ਸਥਾਨਕ ਸੰਸਥਾਂ ਦੇ ਦਫਤਰ ਵਿਚ ਕੰਪਿਊਟਰਾਈਜੇਸ਼ਨ ਕਰਨ ਲਈ ਬਜਟ ਦੇ ਫੰਡਾਂ ਵਿਚੋ ਆਪ ਦੇ ਅਧਿਕਾਰੀਆਂ / ਕਰਮਚਾਰੀਆਂ ਨੂੰ ਕੰਪਿਊਟਰ ਟਰੇਨਿੰਗ ਆਪਣੇ ਪੱਧਰ ਤੇ ਕਰਵਾਈ ਜਾਵੇ ਅਤੇ ਸਾਰੀਆਂ ਬ੍ਰਾਂਚਾ ਦੀ ਨੈਟ ਵਰਕਿੰਗ ਕ ਕੇ ਕੰਪਿਊਟਰਾਈਜੇਸ਼ਨ ਹਰ ਹਾਲਤ ਵਿਚ ਕੀਤੀ ਜਾਵੇ।

19. ਕਿਸੇ ਵੀ ਸਥਾਨਕ ਸੰਸਥਾਂ ਦੇ ਸਬੰਧ ਵਿਚ ਆਡਿਟ ਵਲੋ ਜੋ ਇਤਰਾਜ ਲਗਾਏ ਜਾਦੇ ਹਨ, ਉਨ੍ਹਾ ਦਾ ਉਤਰ ਆਡਿਟ ਨੋਟ ਵਿਚ ਦਰਸਾਏ ਅਨੁਸਾਰ ਸਮੇ ਸਿਰ ਸਾਰੇ ਪੈਰੇ ਨਾਲ ਨਾਲ ਸੈਟਲ ਕਰਵਾਏ ਜਾਣ।

20. ਉਕਤ ਤੋ ਇਲਾਵਾ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਕਿਉਂ ਜੋ ਸਰਕਾਰ ਵੱਲੋ ਲੋੜੀਦੇ ਦਿਸ਼ਾ ਨਿਰਦੇਸ਼ ਪ੍ਰਾਪਤ ਨਹੀਂ ਹੋਏ 1 ਇਸ ਲਈ ਸਰਕਾਰ ਵੱਲੋ ਜੋ ਵੀ ਸਮੇਂ ਸਮੇਂ ਇਸ ਸਬੰਧੀ ਦਿਸ਼ਾਂ ਨਿਰਦੇਸ਼ ਜਾਰੀ ਕੀਤੇ ਜਾਂਦੇ ਹਨ 1 ਨਗਰ ਕੌਸਲ/ਨਗਰ ਪੰਚਾਇਤ ਉਨਾਂ ਦੀ ਪਾਲਣਾ ਕਰਨ ਲਈ ਪੂਰੀ ਤਰ੍ਹਾਂ ਪਾਬੰਦ ਹੋਵੇਗੀ 1

ਡਿਪਟੀ ਡਾਇਰੈਕਟਰ
ਸਥਾਨਕ ਸਰਕਾਰ ਪਟਿਆਲਾ।

ਪਿੱਠ ਅੰਕਣ ਨੰ:2ਡਡਸਸ-2015/ ਮਿਤੀ

ਇਕ ਉਤਾਰਾ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ ਜੀ ਦੀ ਸੇਵਾ ਵਿਚ ਸੂਚਨਾ ਹਿੱਤ ਘੱਲਿਆ ਜਾਂਦਾ ਹੈ।

ਡਿਪਟੀ ਡਾਇਰੈਕਟਰ
ਸਥਾਨਕ ਸਰਕਾਰ ਪਟਿਆਲਾ।